**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ**
**ਪਲਾਟ ਨੰ. 1-ਬੀ, ਸੈਕਟ 27-ਏ, ਚੰਡੀਗੜ੍ਹ**

ਸੇਵਾ ਵਿਖੇ

ਮੁੱਖ ਇੰਜੀਨੀਅਰ(ਪੂਰਬ)
ਪੰਜਾਬ ਵ/ਸ ਅਤੇ ਸੀਵਰੇਜ ਬੋਰਡ
ਪਟਿਆਲਾ ।

ਨੰ.ਪਵਸਸਬ/2019/ਵ-3/9525 ਮਿਤੀ: 7/5/19

**ਵਿਸ਼ਾ:** **ਮਹਿਕਮਾ ਇੰਮਪਰੂਵਮੈਂਟ ਟਰੱਸਟ ਰੂਪਨਗਰ ਦੀ ਬਿਲਡਿੰਗ ਦਾ ਕੁੱਝ ਹਿੱਸਾ ਦਫਤਰੀ ਵਰਤੋਂ ਲਈ ਕਿਰਾਏ ਤੇ ਲੈਣ ਸਬੰਧੀ।**

ਹਵਾਲਾ: ਇਸ ਦਫਤਰ ਦਾ ਪੱਤਰ ਨੰ. 16063 ਮਿਤੀ 31.08.2018 ਉਕਤ ਵਿਸ਼ੇ ਤੇ।

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਰਾਹੀਂ ਆਪ ਜੀ ਨੂੰ ਪੰਜਾਬ ਵ/ਸ ਅਤੇ ਸੀਵਰੇਜ ਮੰਡਲ, ਰੋਪੜ ਨੂੰ ਦਫਤਰੀ ਵਰਤੋਂ ਲਈ ਮਹਿਕਮਾ ਇੰਮਪਰੂਵਮੈਂਟ ਟਰੱਸਟ ਰੂਪਨਗਰ ਦੀ ਬਿਲਡਿੰਗ ਦਾ ਕੁੱਝ ਹਿੱਸਾ ਰੁਪਏ 8400/- ਪ੍ਰਤੀ ਮਹੀਨਾ ਦੇ ਹਿਸਾਬ ਨਾਲ ਕਿਰਾਏ ਤੇ ਲੈਣ ਦੀ ਪ੍ਰਵਾਨਗੀ ਦਿੱਤੀ ਗਈ ਸੀ।

ਕਾਰਜਕਾਰੀ ਇੰਜੀਨੀਅਰ ਵੱਲੋਂ ਬਿਲਡਿੰਗ ਕਿਰਾਏ ਤੇ ਲੈਣ ਤੋਂ ਪਹਿਲਾਂ ਇੰਮਪਰੂਵਮੈਂਟ ਟਰੱਸਟ, ਰੂਪਨਗਰ ਨਾਲ ਸਰਕਾਰ ਦੀਆਂ ਹਦਾਇਤਾਂ ਮੁਤਾਬਤ ਐਗਰੀਮੈਂਟ ਤਿਆਰ ਕੀਤਾ ਜਾਵੇ ਤੇ ਇੰਮਪਰੂਵਮੈਂਟ ਟਰੱਸਟ ਰੂਪ ਨਗਰ ਦੇ ਚੈਅਰਪਰਸਨ ਤੋਂ ਪ੍ਰਾਪਤ ਮੰਜੂਰੀ ਦੀ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ ਪਰੰਤੂ 8 ਮਹੀਨੇ ਦਾ ਸਮਾਂ ਬੀਤ ਜਾਣ ਉਪਰੰਤ ਵੀ ਰਿਪੋਰਟ ਪ੍ਰਾਪਤ ਨਹੀਂ ਹੋਈ। ਇਹ ਕੇਸ ਪੋਰਟਲ ਦੇ ਲੜੀ ਨੰ. 527 ਤੇ ਵੀ ਪਾਇਆ ਗਿਆ ਹੈ।

ਆਪ ਜੀ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਉਕਤ ਮੰਗੀ ਗਈ ਰਿਪੋਰਟ ਤੁਰੰਤ ਇਸ ਦਫਤਰ ਨੂੰ ਭੇਜੀ ਜਾਵੇ ।

ਕਾਰਜਕਾਰੀ ਇੰਜੀਨੀਅਰ(ਵ)